# ਸਿਮਰਨ

## ਭਾਗ-5

ਸਿਮਰਨ ਵਿੱਚ **ਧਿਆਨ** ਦੀ ਵਿ ੇ ਮਹੱਤਤਾ ਹੈ ਚੁ ਇਸ ਲਈ ਇਸ ਦੀ ਬਾਬਤ ਦੀਰਘ ਵਿਚਾਰ ਦੀ ਲੋੜ ਹੈ।

ਜਦ ਅਸੀਂ ਕਿਸੇ ਗੱਲ ਜਾਂ ਚੀ ਵੱਲ ਧਿਆਨ ਦਿੰਦੇ ਹਾਂ, ਤਾਂ ਸਾਡੇ ਮਨ ਦਾ ਉਸ ਨਾਲ **ਸੰਬੰਧ ਜਾਂ ਮੇਲ** (communion) ਬਣ ਜਾਂਦਾ ਹੈ, ਅਤੇ ਅਸੀਂ ਉਸ ਨਾਲ ਲੇਵਾ-ਦੇਵੀ ਕਰਦੇ ਹਾਂ ਅਥਵਾ ਉਸਦਾ ਚੰਗਾ-ਮਾੜਾ **ਅਸਰ ਲੈਂਦੇ ਦਿੰਦੇ ਹਾਂ**। ਜਿਸ ਚੀ ਜਾਂ ਗੱਲ ਵਿੱਚ ਸਾਡੀ ਦਿਲਚਸਪੀ ਨਾ ਹੋਵੇ, ਉਸ ਵਿੱਚ ਸਾਡਾ ਧਿਆਨ ਨਹੀਂ ਖੁੱਭਦਾ ਅਤੇ ਸਾਡੇ ਉਤੇ ਉਸਦਾ **ਓਪਰਾ** ਜਿਹਾ ਅਸਰ ਹੀ ਹੁੰਦਾ ਹੈ। ਦੂਜੇ ਲੰ ਂ ਵਿੱਚ ਉਸ ਨਾਲ ਮੇਲ, ਸੰਗਤ, ਸਾਂਝ ਅਥਵਾ **ਲੇਵਾ-ਦੇਵੀ ਨਹੀਂ ਹੁੰਦੀ।**

ਕੁਝ ਉਦਾਹਰਣਾਂ ਦੁਆਰਾ ਇਸ ਗੱਲ ਨੂੰ ਦਰਸਾਇਆ ਜਾਂਦਾ ਹੈ ਚੁ ਘਰਾਂ ਵਿੱਚ ਰੇਡੀਓ ਜਾਂ ਟੇਪ-ਰਿਕਾਰਡਰ ਰਾਹੀਂ ਕੀਰਤਨ ਜਾਂ ਪਾਠ ਹੋ ਰਿਹਾ ਹੁੰਦਾ ਹੈ ਚੁ ਪਰ ਘਰ ਦੇ ਮੈਂਬਰ ਆਪਣੇ ਘਰੋਗੀ ਝਮੇਲਿਆਂ ਵਿੱਚ ਗਲਤਾਨ ਹੁੰਦੇ ਹਨ ਜਾਂ ਗੱਲਾਂ-ਬਾਤਾਂ ਵਿੱਚ ਮਸਤ ਹੁੰਦੇ ਹਨ।

ਇਸੇ ਤਰ੍ਹਾਂ ਜਦ ਅਸੀਂ ਖੁਦ ਪਾਠ ਜਾਂ ਸਿਮਰਨ ਕਰਦੇ ਹਾਂ, ਤਾਂ ਸਾਡੀ ਚੇਤੰਨਤਾ ਹੋਰ **ਅਨੇਕ-ਚਿੰਤਨ** ਵਿੱਚ ਲੱਗੀ ਹੁੰਦੀ ਹੈ, ਜਿਸ ਕਾਰਣ ਸਾਡਾ ਧਿਆਨ ਗੁਰਬਾਣੀ ਵੱਲ ਨਹੀਂ ਹੁੰਦਾ।

ਆਮ ਸੰਗਤ ਦੀ ਵੀ ਇਹੋ ਿ ਕਾਇਤ ਹੈ ਕਿ **ਸਿਮਰਨ** ਵਿੱਚ ਮਨ ਨਹੀਂ ਟਿਕਦਾ।

ਜਦ ਸਾਡੀ ਚੇਤੰਨਤਾ ਜਾਂ ਧਿਆਨ ਗੁਰਬਾਣੀ ਅਥਵਾ ਸਿਮਰਨ ਵੱਲ ਨਾ ਹੋਵੇ, ਤਾਂ ਅਸੀਂ ਗੁਰਬਾਣੀ ਦੀ **ਸੰਗਤ ਨਹੀਂ ਕਰ ਰਹੇ ਹੁੰਦੇ**। ਇਸ ਕਾਰਣ ਸਾਡਾ ਗੁਰਬਾਣੀ ਦੇ **ਅੰਤ੍ਰੀਵ ਆਤਮਿਕ ਭਾਵਾਂ ਨਾਲ ਸੰਗ ਜਾਂ ਮੇਲ ਨਹੀਂ ਹੁੰਦਾ**। ਇਸ ਤਰ੍ਹਾਂ ਉੱਚੀ-ਸੁੱਚੀ ਇਲਾਹੀ ਗੁਰਬਾਣੀ ਦੀ ਸੰਗਤ ਨਹੀਂ ਹੁੰਦੀ ਅਤੇ ਨਤੀਜੇ ਵਜੋਂ ਅਸੀਂ ਗੁਰਬਾਣੀ ਦੀ **ਪਾਰਸ-ਕਲਾ ਤੋਂ ਵਾਂਝੇ ਰਹਿੰਦੇ ਹਾਂ**।

ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ॥
ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ॥ (ਪੰਨਾ-973)

ਦੂਜੇ ਲੰ ਾਂ ਵਿੱਚ ਚੇਤੰਨਤਾ ਜਾਂ **ਧਿਆਨ ਤੋਂ ਬਗੈਰ** ਜੋ ਕੁਝ ਵੀ ਕਰਮ-ਧਰਮ ਅਸੀਂ ਕਰਦੇ ਹਾਂ ਚੁ ਸਭ **ਬੇ-ਧਿਆਨੇ, ਗੈਰ-ਹਾ ਰੀ ਵਿੱਚ ਹੀ ਕਰਦੇ ਹਾਂ।** ਇਸ ਲਈ ਅਸੀਂ ਸਾਧ-ਸੰਗਤਿ ਜਾਂ **ਸਤਿ-ਸੰਗਤ ਤੋਂ ਪੂਰਾ ਲਾਭ ਨਹੀਂ ਲੈਂਦੇ** ਅਤੇ ਗੁਰਬਾਣੀ ਦੇ ਪਾਠ, ਕੀਰਤਨ ਅਤੇ **ਸਿਮਰਨ ਦੇ ਆਤਮਿਕ ਲਾਹੇ ਤੋਂ ਵਾਂਝੇ ਰਹਿੰਦੇ ਹਾਂ।**

ਇਹੋ ਕਾਰਣ ਹੈ ਕਿ ਪਿਛਲੇ ਮਾਨੇ ਨਾਲੋਂ ਅੱਜ-ਕਲ੍ਹ ਬਹੁਤ ਿ ਆਦਾ ਚੁ

ਧਰਮ
ਧਰਮ-ਗ੍ਰੰਥ
ਧਰਮ ਮੰਦਰ
ਧਰਮ ਪ੍ਰਚਾਰ
ਸਤਿਸੰਗ
ਪਾਠ-ਪੂਜਾ
ਕੀਰਤਨ
ਜਪ-ਤਪ
ਕਰਮ-ਕ੍ਰਿਆ

ਆਦਿ ਦੇ **ਬਾਵਜੂਦ** ਸਾਡੀ ਮਾਨਸਿਕ ਅਤੇ ਆਤਮਿਕ ਅਵਸਥਾ ਵਿੱਚ ਪਰਿਵਰਤਨ ਨਹੀਂ ਆਉਂਦਾ ਚੁ ਬਲਕਿ ਸਾਡੀ ਮਾਨਸਿਕ ਦ ਾ ਅੱਗੇ ਤੋਂ ਵੀ ਨਿੱਘਰਦੀ ਜਾਂਦੀ ਹੈ।

ਪੰਡਿਤ ਪੜਹਿ ਸਾਦੁ ਨ ਪਾਵਹਿ॥
ਦੂਜੈ ਭਾਇ ਮਾਇਆ ਮਨੁ ਭਰਮਾਵਹਿ॥ (ਪੰਨਾ-116)

ਰਹਤ ਅਵਰ ਕਛੁ ਅਵਰ ਕਮਾਵਤ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥ (ਪੰਨਾ-269)

ਪੜੇ ਸੁਨੇ ਕਿਆ ਹੋਈ
ਜਉ ਸਹਜ ਨ ਮਿਲਿਓ ਸੋਈ॥ (ਪੰਨਾ-655)

ਹਿ੍ਦੈ ਕਪਟੁ ਮੁਖ ਗਿਆਨੀ॥
ਝੂਠੇ ਕਹਾ ਬਿਲੋਵਸਿ ਪਾਨੀ॥ (ਪੰਨਾ–656)

ਚੇਤੰਨਤਾ ਅਥਵਾ ਧਿਆਨ ਤੋਂ ਬਗੈਰ ਸਾਡਾ ਜੀਵਨ ਨਿਰਜੀਵ ਅਥਵਾ ਮਾਦਾ ਚੀ ਂ (matter) ਵਰਗਾ ਹੀ ਹੈ। ਇਸ ਲਈ ਜੀਵਾਂ ਦਾ ਆਪਸ ਵਿੱਚ ਸੂਖਮ, ਮਾਨਸਿਕ ਅਤੇ ਆਤਮਿਕ ਸਤ੍ਹਾ ਤੇ ਮੇਲ–ਮਿਲਾਪ, ਸੰਗਤ, ਸਾਂਝ ਅਥਵਾ ਲੇਵਾ–ਦੇਵੀ ਨਹੀਂ ਹੋ ਸਕਦੀ।

ਮਿਲਿਐ ਮਿਲਿਆ ਨ ਮਿਲੈ ਮਿਲੈ ਮਿਲਿਆ ਜੇ ਹੋਇ॥
ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥ (ਪੰਨਾ–791)

ਜੋ ਦਿਲ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਇ॥
ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ॥ (ਪੰਨਾ–725)

ਇਨਸਾਨ ਅਤੇ ਜਾਨਵਰਾਂ ਵਿੱਚ ਇਸੇ ਚੇਤੰਨਤਾ ਦਾ ਹੀ ਅੰਤਰ ਹੈ। ਇਨਸਾਨਾਂ ਵਿੱਚ ਇਹ ਚੇਤੰਨਤਾ (consciousness) ਅਤਿ ਤੀਖਣ, ਤੀਬਰ ਤੇ ਸੂਖਮ–ਭਾਵਨਾਵਾਂ (subtle feelings) ਵਾਲੀ ਹੁੰਦੀ ਹੈ ਚੁ ਜਿਸ ਕਾਰਣ ਇਹ ਸੰਗਤ ਦੁਆਰਾ ਉੱਚੀਆਂ–ਸੁੱਚੀਆਂ ਆਤਮਿਕ ਪ੍ਰੇਮ–ਭਾਵਨਾਵਾਂ ਨੂੰ ਗ੍ਰਹਿਣ ਕਰਕੇ ਰੰਗ–ਰਸ ਮਾਣ ਸਕਦੇ ਹਨ। ਪਰ ਜਾਨਵਰਾਂ ਵਿੱਚ ਇਹ ਚੇਤੰਨਤਾ ਨੀਵੀਂ, ਮੋਟੀ–ਠੁਲ੍ਹੀ ਹੁੰਦੀ ਹੈ, ਜੋ ਸੂਖਮ ਆਤਮਿਕ ਭਾਵਨਾ ਨੂੰ ਗ੍ਰਹਿਣ ਕਰਨ ਤੋਂ ਅਸੱਮਰਥ ਹੈ।

**ਸਾਡੀ ਦਿਲਚਸਪੀ ਅਨੁਸਾਰ ਸਾਡੇ ਮਨ ਦਾ ਧਿਆਨ ਖਿੱਚਿਆ ਜਾਂਦਾ ਹੈ। ਜਨਮਾਂ–ਜਨਮਾਂ ਤੋਂ ਸਾਡਾ ਮਨ ਇਲਾਹੀ ਮੰਡਲ ਤੋਂ ਟੁੱਟਿਆ ਹੋਇਆ ਹੈ ਅਤੇ ਮਾਇਕੀ ਮੰਡਲ ਵਿੱਚ ਗਲਤਾਨ ਹੋ ਕੇ ਸੂਖਮ ਪ੍ਰੇਮ–ਭਾਵਨਾਵਾਂ ਨੂੰ ਗ੍ਰਹਿਣ ਕਰਨ ਤੋਂ ਅਸਮਰੱਥ ਹੋ ਚੁਕਿਆ ਹੈ।**

ਦੂਜੇ ਲੰ ਂ ਵਿੱਚ, ਦੈਵੀ–ਚੇਤੰਨਤਾ, ਤੋਂ ਬਗੈਰ ਸਾਡੀ ਚੇਤੰਨਤਾ ਵੀ ਜਾਨਵਰਾਂ ਵਰਗੀ ਠੁਲ੍ਹੀ ਤੇ ਮਾਦੀ ਹੋ ਚੁਕੀ ਹੈ।

ਜੋ ਨ ਸੁਨਹਿ ਜਸੁ ਪਰਮਾਨੰਦਾ॥
ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ॥ (ਪੰਨਾ–188)

ਕਰਤੂਤਿ ਪਸੂ ਕੀ ਮਾਨਸ ਜਾਤਿ॥ (ਪੰਨਾ–267)

ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ॥ (ਪੰਨਾ–427)

ਜਿਹਵਾ ਇੰਦ੍ਰੀ ਸਾਦਿ ਲੋੁਭਾਨਾ॥
ਪਸੂ ਭਏ ਨਹੀ ਮਿਟੈ ਨੀਸਾਨਾ॥ (ਪੰਨਾ-903)

ਸਾਧਸੰਗਤਿ ਕਬਹੂ ਨਹੀ ਕੀਨੀ ਰਚਿਓ ਧੰਧੈ ਝੂਠ॥
**ਸੁਆਨ ਸੂਕਰ ਬਾਇਸ ਜਿਵੈ ਭਟਕਤੁ ਚਾਲਿਓ ਊਠਿ॥** (ਪੰਨਾ-1105)

ਮਨਮੁਖਿ ਅੰਧੁਲੇ ਗੁਰਮਤਿ ਨ ਭਾਈ॥
ਪਸੂ ਭਏ ਅਭਿਮਾਨੁ ਨ ਜਾਈ॥ (ਪੰਨਾ-1190)

ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ॥
**ਪਸੂ ਮਾਣਸ ਚੰਮਿ ਪਲੇਟੇ** ਅੰਦਰਹੁ ਕਾਲਿਆ॥ (ਪੰਨਾ-1284)

ਸਾਡੀ ਪਸੂ-ਬਿਰਤੀ ਜਾਂ ਨੀਵੀ ਚੇਤੰਨਤਾ ਨੂੰ ਬਦਲਣ, ਅਥਵਾ ਇਸ ਨੂੰ ਉਚੇਰਾ, ਚੰਗੇਰਾ ਅਤੇ ਆਤਮ-ਪ੍ਰਾਇਣ ਕਰਨ ਲਈ ਗੁਰਬਾਣੀ ਵਿੱਚ ਇਕੋ-ਇਕ ਸਾਧਨ ਅਥਵਾ ਜੁਗਤੀ ਦੱਸੀ ਗਈ ਹੈ, ਉਹ ਹੈ ਚੁ

ਸਤਿ-ਸੰਗਤ ਅਥਵਾ ਸਾਧਸੰਗਤ

ਸਾਧੂ ਕੈ ਸੰਗਿ ਪਾਪ ਪਲਾਇਨ॥
ਸਾਧਸੰਗਿ ਅੰਮ੍ਰਿਤ ਗੁਨ ਗਾਇਨ॥ (ਪੰਨਾ-271)

ਜੋ ਜੋ ਜਪੈ ਤਿਸ ਕੀ ਗਤਿ ਹੋਇ॥
ਸਾਧਸੰਗਿ ਪਾਵੈ ਜਨੁ ਕੋਇ॥
ਕਰਿ ਕਿਰਪਾ ਅੰਤਰਿ ਉਰ ਧਾਰੈ॥
ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ॥ (ਪੰਨਾ-274)

ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ॥
ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ॥ (ਪੰਨਾ-297)

ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ ਪਤਿਤ ਜਨ
ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਧੋ॥ (ਪੰਨਾ-1297)

ਗੁਰਮੁਖਿ ਸੁਖ ਫਲੁ ਸਾਧਸੰਗੁ ਪਸੂ ਪਰੇਤ ਪਤਿਤ ਨਿਸਤਾਰੇ। (ਵਾ.ਭਾ.ਗੁ. 16/7)

ਕਿਸੇ ਖਿਆਲ ਨੂੰ ਇਕ ਨੁਕਤੇ ਉਤੇ ਇਕਾਗਰ ਕਰਨ ਧਿਆਨ ਅਥਵਾ ਸੁਰਤੀ-ਬਿਰਤੀ ਕਿਹਾ ਜਾਂਦਾ ਹੈ।

ਮਾਇਕੀ ਅਤੇ ਆਤਮਿਕ ਤਰੱਕੀ ਅਥਵਾ ਕਾਮਯਾਬੀ ਲਈ ਧਿਆਨ ਅਤਿ ਲਾ ਮੀ ਹੈ।

ਜਿੰਨਾ ਡੂੰਘਾ, ਇਕਾਗਰ ਇਕ-ਸੂਈ , ਤੇ ਤੀਖਣ ਧਿਆਨ ਕਿਸੇ ਕਾਰਜ ਵਿੱਚ ਲਾਵਾਂਗੇ ਉਤਨਾ ਹੀ ਉਹ ਕਾਰਜ ਸੁਹਣਾ, ਸਾਰਥਿਕ ਤੇ ਲਾਭਵੰਦ ਹੋਵੇਗਾ।

ਧਿਆਨ ਦਿਤੇ ਬਗੈਰ ਸਾਡੀ ਕੋਈ ਵਿਉਂਤ, ਸੋਚ-ਵਿਚਾਰ ਅਤੇ ਕਾਰਜ ਸਿਰੇ ਨਹੀਂ ਚੜ੍ਹ ਸਕਦਾ।

ਓਪਰੇ ਜਿਹੇ ਮਨ ਨਾਲ ਕੀਤੇ ਕਾਰਜ ਚੁ

ਅਧੂਰੇ
ਗਲਤ
ਲਾਭਹੀਣ
ਹਾਨੀਕਾਰਕ
ਦੁਖਦਾਈ

ਹੁੰਦੇ ਹਨ।

ਇਸੇ ਤਰ੍ਹਾਂ ਧਿਆਨ ਤੋਂ ਬਗੈਰ ਧਾਰਮਿਕ ਪਾਠ-ਪੂਜਾ ਅਤੇ ਕਰਮ-ਕ੍ਰਿਆ ਭੀ ਚੁ

ਫੋਕੇ
ਰਸ-ਹੀਣ
ਭਾਵਨਾ-ਹੀਣ
ਲਾਭ-ਹੀਣ
ਮੁਰਦਾ ਸਾਧਨ

ਹੀ ਬਣ ਕੇ ਰਹਿ ਜਾਂਦੇ ਹਨ।

ਸੁਲਤਾਨਪੁਰ ਵਿਖੇ ਗੁਰੂ ਨਾਨਕ ਸਾਹਿਬ ਜੀ ਦਾ ਕਾ ਿਆਂ ਦੀ ਬੇ-ਧਿਆਨੀ ਨਮਾ ਵਿੱਚ ਮਲ ਨਾ ਹੋਣਾ ਇਸੇ ਗੱਲ ਦਾ ਲਖਾਇਕ ਹੈ ਕਿ ਧਿਆਨ ਤੋਂ ਬਗੈਰ ਸਾਡੇ ਧਾਰਮਿਕ ਕਰਮ-ਕ੍ਰਿਆ ਨਿਸਫਲ ਹੀ ਹਨ।

ਜਿਨ ਕਉ ਪ੍ਰੀਤਿ ਰਿਦੈ ਹਰਿ ਨਾਹੀ ਤਿਨ ਕੂਰੇ ਗਾਢਨ ਗਾਢੇ॥ (ਪੰਨਾ-171)

ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ
ਸੋ ਨਿਹਫਲ ਸਭੁ ਅਗਿਆਨੁ॥

ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ
ਸੋ ਪਾਵੈ ਦਰਗਹ ਮਾਨੁ॥
ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ
ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ॥ (ਪੰਨਾ-734)

ਟੈਲੀਫੂਨ (telephone) ਰਾਹੀਂ ਗੱਲ ਕਰਨ ਅਥਵਾ ਮੇਲ-ਜੋਲ ਕਰਨ ਲਈ ਕਿਸੇ ਖਾਸ ਨੰਬਰ ਦਾ ਮੇਲ ਹੋਣਾ ਲਾਮੀ ਹੈ। ਜੇਕਰ ਉਹ ਨੰਬਰ ਨਾ ਮਿਲੇ, ਜਾਂ ਰਿਸੀਵਰ (receiver) ਨਾ ਚੁਕਿਆ ਜਾਵੇ ਤਾਂ ਦੋਹਾਂ ਧਿਰਾਂ ਵਿਚਕਾਰ ਚੁ

ਗੱਲ-ਬਾਤ ਨਹੀਂ ਹੁੰਦੀ
ਸਾਂਝ ਨਹੀਂ ਪੈਂਦੀ
ਲੇਵਾ-ਦੇਵੀ ਨਹੀਂ ਹੁੰਦੀ
ਵਣਜ-ਵਪਾਰ ਨਹੀਂ ਹੁੰਦਾ।

ਐਨ ਇਸੇ ਤਰ੍ਹਾਂ, ਜੇਕਰ ਪਾਠ-ਪੂਜਾ, ਭਜਨ-ਬੰਦਗੀ ਕਰਦਿਆ ਹੋਇਆਂ ਸਾਡਾ ਮਨ ਅਥਵਾ ਧਿਆਨ ਸਾਵਧਾਨ ਏਕਾਗਰ ਚੀਤ ਨਾ ਹੋਵੇ ਤਾਂ ਗੁਰਬਾਣੀ ਦੇ ਅੰਤ੍ਰੀਵ, ਡੂੰਘੇ ਤੇ ਅਤਿ ਸੂਖਮ ਭਾਵਾਂ ਤੋਂ ਅਸੀਂ ਵਾਂਝੇ ਰਹਿੰਦੇ ਹਾਂ ਅਤੇ ਗੁਰਬਾਣੀ ਅਥਵਾ ਸਿਮਰਨ ਦੀ ਪਾਰਸ-ਕਲਾ ਸਾਡੇ ਤੇ ਨਹੀਂ ਵਰਤਦੀ।

ਇਸੇ ਲਈ ਗੁਰਬਾਣੀ ਵਿੱਚ ਸਾਨੂੰ ਬਾਰ-ਬਾਰ ਪ੍ਰੇਰਣਾ ਦੁਆਰਾ ਤਾਗੀਦੀ ਹੁਕਮ ਕੀਤਾ ਗਿਆ ਹੈ ਚੁ

**ਇਕ ਮਨਿ ਏਕੁ ਧਿਆਈਐ ਮਨ ਕੀ ਲਾਹਿ ਭਰਾਤਿ॥** (ਪੰਨਾ-47)

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥
**ਸਾਵਧਾਨ ਏਕਾਗਰ ਚੀਤ** (ਪੰਨਾ-295)

ਏ ਮਨ ਹਰਿ ਜੀ ਧਿਆਇ ਤੂ
**ਇਕ ਮਨਿ ਇਕ ਚਿਤਿ ਭਾਇ॥** (ਪੰਨਾ-653)

**ਇਕ ਚਿਤਿ ਇਕ ਮਨਿ ਧਿਆਇ ਸੁਆਮੀ**
ਲਾਇ ਪ੍ਰੀਤਿ ਪਿਆਰੋ॥ (ਪੰਨਾ-845)

ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ
ਤਿਸੁ ਜਮਕੰਕਰੁ ਨੇੜਿ ਨ ਆਵੈ॥ (ਪੰਨਾ-515)

**ਇਕ ਮਨ ਇਕੁ ਆਰਾਧਣਾ**

ਗੁਰਮਤਿ ਆਪੁ ਗਵਾਇ ਸੁਹੇਲੇ। (ਵਾ.ਭਾ.ਗੁ. 5/6)

ਕੁਰਬਾਣੀ ਤਿਨ੍ਹਾਂ ਗੁਰਸਿਖਾਂ
ਹੋਇ ਇਕ ਮਨਿ ਗੁਰ ਜਾਪੁ ਜਪੰਦੇ। (ਵਾ.ਭਾ.ਗੁ. 12/2)

**ਧਿਆਨ ਅਥਵਾ ਇਕਾਗਰਤਾ ਤੋਂ ਬਿਨਾ** ਮਨ ਦੀ ਹਾਲਤ ਬਾਬਤ ਗੁਰਬਾਣੀ ਵਿੱਚ ਇਉਂ ਤਾੜਨਾ ਕੀਤੀ ਗਈ ਹੈ ਚੁ

ਰਹਤ ਅਵਰ ਕਛੁ ਅਵਰ ਕਮਾਵਤ॥
ਮਨਿ ਨਹੀਂ ਪ੍ਰੀਤਿ ਮੁਖਹੁ ਗੰਢ ਲਾਵਤ॥ (ਪੰਨਾ–269)

ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥ (ਪੰਨਾ–488)

ਹਮਰੈ ਜੀਇ ਹੋਰੁ ਮੁਖਿ ਹੋਰੁ ਹੋਤ ਹੈ
ਹਮ ਕਰਮਹੀਣ ਕੂੜਿਆਰੀ॥ (ਪੰਨਾ–528)

ਅਜਿਹੀ ਦ ਾ ਦਾ ਵਿ ੇ ਤੇ **ਅਮਲੀ ਦ੍ਰਿ ਟਾਂਤ ਸਾਡਾ** ਆਪਣਾ **ਮਾਇਕੀ ਜੀਵਨ ਹੀ ਹੈ।**

ਜੀਵ ਹਉਮੈ ਦੇ ਭਰਮ–ਭੁਲਾਵੇ ਦੁਆਰਾ ਆਪਣੇ ਸੋਮੇ ਅਕਾਲ–ਪੁਰਖ ਨੂੰ ਭੁੱਲ ਕੇ ਕਈ ਜਨਮਾਂ ਤੋਂ ਮੋਹ–ਮਾਇਆ ਦੀ ਦਲਦਲ ਵਿੱਚ ਖੁਭਿਆ ਹੋਇਆ ਹੈ ਅਥਵਾ ਦੂਜੈ ਭਾਉ ਵਿੱਚ ਗਲਤਾਨ ਹੈ ਚੁ

ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥ (ਪੰਨਾ–133)

ਮਾਇਆ ਮੋਹਿ ਨਟਿ ਬਾਜੀ ਪਾਈ॥
ਮਨਮੁਖ ਅੰਧ ਰਹੇ ਲਪਟਾਈ॥ (ਪੰਨਾ–230)

ਨਾਥ ਕਛੂਅ ਨ ਜਾਨਉ॥
ਮਨੁ ਮਾਇਆ ਕੈ ਹਾਥਿ ਬਿਕਾਨਉ॥ ............
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥ (ਪੰਨਾ–710)

ਜਨਮਾਂ-ਜਨਮਾਂ ਤੋਂ ਇਸ ਝੂਠੀ ਮਾਇਆ ਵਿੱਚ ਅਸੀਂ ਇਤਨੇ ਗਲਤਾਨ ਹੋਏ-ਹੋਏ ਹਾਂ ਕਿ ਸਾਡਾ ਜੀਵਨ **ਮਾਇਆ ਦਾ ਰੂਪ ਹੀ** ਬਣ ਗਿਆ ਹੈ। ਇਸ ਲਈ ਸਾਡੇ ਚੁ

ਖਿਆਲ
ਕਲਪਨਾਵਾਂ
ਸੋਚ
ਰੀਝਾਂ
ਆਸਾਂ
ਪਿਆਰ
ਭਾਵਨਾਵਾਂ
ਨਿਸਚਾ
ਰਧਾ
ਸੰਗਤ
ਲੇਵਾ-ਦੇਵੀ
ਕਰਮ-ਧਰਮ
ਘਾਲਣਾ

ਅਥਵਾ **ਸਮੁੱਚੇ ਜੀਵਨ ਨੂੰ ਹੀ ਮੋਹ-ਮਾਇਆ ਦੀ ਗੂੜ੍ਹੀ ਰੰਗਤ** ਚੜ੍ਹੀ ਹੋਈ ਹੈ, ਜਿਸ ਕਾਰਣ ਸਾਡੀ ਚੁ

ਚੇਤੰਨਤਾ
ਧਿਆਨ
ਸੁਰਤੀ
ਬਿਰਤੀ
ਲਿਵ

ਚੁ ਇਸ ਝੂਠੀ ਮਾਇਆ ਵਿੱਚ **ਅਚੇਤ, ਸਹਿਜ-ਸੁਭਾਇ, ਅਣਜਾਣੇ ਹੀ ਐਸੀ ਖੁੱਭ ਚੁੱਕੀ ਹੈ** ਕਿ ਇਸ ਤੋਂ ਬਾਹਰ **ਹੋਰ ਕਿਸੇ ਪਾਸੇ ਸਾਡਾ ਧਿਆਨ ਜਾਣਾ ਅਸੰਭਵ ਹੈ।**

ਸਾਡੇ ਅੰਦਰ ਇਸ ਝੂਠੀ ਮਾਇਆ ਦੀ ਚੁ

ਚੇਤੰਨਤਾ
ਖਿਆਲ

ਧਿਆਨ
ਰੰਗਤ
ਵਿ ਵਾਸ
ਬਿਰਤੀ
ਲਿਵ

ਚ ਆਦਿ, ਪਿਛਲੇ ਅਨੇਕ ਜਨਮਾਂ ਵਿੱਚ ਮਾਇਆ ਦੀ

ਸੰਗਤ ਕਰਨ
ਖਿਆਲ ਕਰਨ
ਯਾਦ ਕਰਨ
ਸਿਮਰਨ ਕਰਨ
ਅਭਿਆਸ ਕਰਨ

ਨਾਲ ਇਤਨੀ ਦ੍ਰਿੜ ਹੋ **ਚੁਕੀ ਹੈ ਕਿ ਮਾਇਕੀ ਚੇਤੰਨਤਾ** (materialistic consciousness) ਹੀ **ਸਾਡਾ ਜੀਵਨ-ਰੂਪ** ਬਣ ਚੁਕੀ ਹੈ ਅਤੇ ਇਸ **ਮਾਇਕੀ ਜੀਵਨ** ਵਿੱਚ ਹੀ ਅਸੀਂ ਚ

ਜੰਮਦੇ
ਜੀਉਂਦੇ
ਵਿਚਰਦੇ
ਕਰਮ ਕਰਦੇ
ਨਤੀਜੇ ਭੁਗਤਦੇ
ਮਰਦੇ
ਜਮਾਂ ਦੇ ਵੱਸ ਪੈਂਦੇ ਅਤੇ
ਫਿਰ ਮੁੜ ਜੰਮਦੇ ਹਾਂ।

ਹਰਿ ਬਿਸਰਿਐ ਕਿਉ ਤ੍ਰਿਪਤਾਵੈ ਨਾ ਮਨੁ ਰੰਜੀਐ॥
ਪ੍ਰਭੁ ਛੋਡਿ ਅਨ ਲਾਗੈ ਨਰਕਿ ਸਮੰਜੀਐ॥ (ਪੰਨਾ-708)

ਜਮਿ ਜਮਿ ਮਰੈ ਮਰੈ ਫਿਰਿ ਜੰਮੈ॥
ਬਹੁਤੁ ਸਜਾਇ ਪਇਆ ਦੇਸਿ ਲੰਮੈ॥
ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖੁ ਸਹੈ ਪਰਾਣੀਆ॥ (ਪੰਨਾ-1020)

ਮਾਇਆ ਮੋਹਿ ਬਹੁ ਭਰਮਿਆ॥
ਕਿਰਤ ਰੇਖ ਕਰਿ ਕਰਮਿਆ॥ (ਪੰਨਾ–1193)

ਅਸੀਂ ਜਿਤਨੇ ਵੀ ਧਾਰਮਿਕ ਕਰਮ, ਕ੍ਰਿਆ ਅਥਵਾ ਪਾਠ–ਪੂਜਾ ਮਨ **ਦੀ ਮੈਲ ਲਾਹੁਣ ਲਈ** ਕਰਦੇ ਹਾਂ ਚੁ ਆਪਣੀਆਂ ਰੁਚੀਆਂ ਅਨੁਸਾਰ **ਉਸਤੋਂ ਵੀ ਕਈ ਗੁਣਾ ਿ ਆਦਾ ਹੋਰ ਮੈਲ ਲਾਈ ਜਾਂਦੇ ਹਾਂ**!

ਇਸ ਤਰ੍ਹਾਂ, ਬਾਵਜੂਦ ਸਾਡੇ ਰੋ ਾਨਾ ਪਾਠ–ਪੂਜਾ ਦੇ ਚੁ ਸਾਡਾ ਮਾਨਸਿਕ **ਲੇਖਾ–ਜੋਖਾ ਘਾਟੇ** (debtor balance) ਵਿੱਚ ਜਾ ਰਿਹਾ ਹੈ ਅਤੇ ਅਸੀਂ ਹੋਰ ਨਿਘਰਦੇ ਜਾਂਦੇ ਹਾਂ!

ਜਦ ਕਿਸੇ ਨੀਵੇਂ ਖਿਆਲ ਜਾਂ ਵਸਤੂ ਵੱਲ ਸਾਡਾ ਧਿਆਨ ਜਾਵੇ ਤਾਂ ਮਨ ਦਾ ਰੁਖ ਜਾਂ **ਧਿਆਨ ਫੌਰਨ ਉਚੇਰੇ–ਚੰਗੇਰੇ ਰੁਖ ਵੱਲ ਮੋੜਨਾ ਚਾਹੀਦਾ ਹੈ।** ਪਰ ਮਾਇਆ ਦੇ ਮਲੀਨ ਘੁੰਮਣ–ਘੇਰੇ ਵਿੱਚ ਵਿਚਰਦਿਆਂ ਹੋਇਆਂ ਸਾਡਾ ਮਨ ਅਤਿ ਨਿਰਬਲ ਹੋ ਚੁਕਿਆ ਹੈ, ਜਿਸ ਕਾਰਣ ਮਨ ਦਾ ਰੁਖ ਅਥਵਾ ਧਿਆਨ **ਨੀਵੇਂ** ਪਾਸਿਉਂ **ਉਚੇਰੇ** ਪਾਸੇ ਵੱਲ ਮੋੜਨਾ ਅਤਿ ਕਠਿਨ ਹੈ।

ਇਹ ਉਲਟੀ **ਪ੍ਰਕ੍ਰਿਆ** ਅਥਵਾ **ਆਤਮਿਕ ਤਬਦੀਲੀ** ਅਤਿ ਲੰਮੇਰੀ ਅਤੇ ਕਠਿਨ **ਖੇਲ** ਹੈ, ਜੋ ਬਖ ੇ ਹੋਏ ਗੁਰਮੁਖ–ਪਿਆਰਿਆਂ, ਮਹਾਂ–ਪੁਰਖਾਂ ਦੀ **ਲਗਾਤਾਰ ਸੰਗਤ ਅਥਵਾ ਸਾਧ ਸੰਗਤ ਅਤੇ ਸੇਵਾ–ਭਾਵਨੀ ਦੁਆਰਾ ਸੌਖੀ ਤੇ ਜਲਦੀ ਸੰਭਵ ਹੋ ਸਕਦੀ ਹੈ।**

ਖਿਨਹੂੰ ਕਿਰਪਾ ਸਾਧੂ ਸੰਗ ਨਾਨਕ ਹਰਿ ਰੰਗੁ ਲਾਇਓ॥ (ਪੰਨਾ–409)

ਕਿਰਪਾ ਕਰੇ ਜਿਸੁ ਪਾਰਬ੍ਰਹਮ ਹੋਵੈ ਸਾਧੂ ਸੰਗੁ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ॥ (ਪੰਨਾ–71)

ਜਦ ਅਸੀਂ ਕਿਸੇ ਕਾਰਜ ਦੀ ਪੂਰਤੀ ਲਈ ਆਪਣੀ ਸਾਰੀ ਵਾਹ ਅਥਵਾ ੋਰ ਲਾ ਕੇ ਅਸਮੱਰਥ ਹੋ ਜਾਂਦੇ ਹਾਂ ਤਾਂ ਕਿਸੇ ਹੋਰ ਕਤੀ ਦੀ ਓਟ ਅਥਵਾ ਆਸਰਾ ਲੈਂਦੇ ਹਾਂ। ਇਸੇ ਤਰ੍ਹਾਂ ਜਦ ਸਾਡਾ ਮਨ ਆਪਣੇ ਵੱਸ ਤੋਂ ਬਾਹਰ ਹੋ ਜਾਂਦਾ ਹੈ ਤਾਂ ਕਿਸੇ ਕਤੀਮਾਨ ਦੈਵੀ–ਮੰਡਲ ਅਥਵਾ **ਸਾਧ–ਸੰਗਤ ਦੀ ਓਟ ਜਾਂ ਆਸਰਾ ਲੈਣ ਦੀ ਲੋੜ ਹੈ।**

ਸਾਧ ਕੈ ਸੰਗਿ ਨ ਕਤਹੂੰ ਧਾਵੈ॥
ਸਾਧਸੰਗਿ ਅਸਥਿਤਿ ਮਨੁ ਪਾਵੈ॥ (ਪੰਨਾ–271)

ਨਾਨਕ ਤਿਨ ਸੰਤਨ ਸਰਣਾਗਤੀ **ਜਿਨ ਮਨੁ ਵਸਿ ਕੀਨਾ॥** (ਪੰਨਾ–815)

ਮਨੂਆ ਚਲੈ ਚਲੈ ਬਹੁ ਬਹੁ ਬਿਧਿ
**ਮਿਲਿ ਸਾਧੂ ਵਸਗਤਿ ਕਰਿਆ॥** (ਪੰਨਾ–1294)

ਮਨ ਅਸਾਧੁ ਨ ਸਾਧੀਐ
ਗੁਰਮੁਖਿ ਸੁਖ ਫਲੁ ਸਾਧਿ ਸਧਾਇਆ।
**ਸਾਧਸੰਗਤਿ ਮਿਲਿ ਮਨ ਵਸਿ ਆਇਆ।** (ਵਾ.ਭਾ.ਗੁ. 29/9)

ਇਸ ਲਈ ਗੁਰਬਾਣੀ ਵਿੱਚ ਬਾਰ ਬਾਰ ਸਾਨੂੰ ਸਾਧ–ਸੰਗਤ ਅਥਵਾ ਸਤਿਸੰਗਤ ਕਰਨ ਲਈ ਤਾਗੀਦੀ ਪ੍ਰੇਰਣਾ ਕੀਤੀ ਗਈ ਹੈ ਚੁ

ਸੁਣਿ ਸਾਜਨ ਮੇਰੇ ਮੀਤ ਪਿਆਰੇ॥
**ਸਾਧਸੰਗਿ ਖਿਨ ਮਾਹਿ ਉਧਾਰੇ॥** (ਪੰਨਾ–103)

ਕੋਟਿ ਬਿਘਨ ਹਿਰੇ ਖਿਨ ਮਾਹਿ॥
ਹਰਿ ਹਰਿ ਕਥਾ **ਸਾਧਸੰਗਿ ਸੁਨਾਹਿ॥** (ਪੰਨਾ–195)

ਜੀਤਿ ਜਨਮੁ ਇਹੁ ਰਤਨੁ ਅਮੋਲਕ
**ਸਾਧਸੰਗਤਿ ਜਪਿ ਇਕ ਖਿਨਾ॥** (ਪੰਨਾ–210)

ਮਹਾ ਪਵਿਤ੍ਰ ਸਾਧ ਕਾ ਸੰਗੁ॥
ਜਿਸੁ ਭੇਟਤ **ਲਾਗੈ ਪ੍ਰਭ ਰੰਗੁ॥** (ਪੰਨਾ–392-393)

ਨਾਨਕ ਪਤਿਤ ਪਵਿਤ ਮਿਲਿ ਸੰਗਤਿ
ਗੁਰ ਸਤਿਗੁਰ ਪਾਛੈ ਛੁਕਟੀ॥ (ਪੰਨਾ–528)

ਸਾਧਸੰਗਿ ਮਿਲਿ ਨਾਮੁ ਧਿਆਵਹੁ **ਪੂਰਨ ਹੋਵੈ ਘਾਲਾ॥** (ਪੰਨਾ–617)

ਸਾਡੀ ਧਰਤੀ ਵਿੱਚ ਅਤਿਅੰਤ ਆਕਰਖਣ– ਕਤੀ (gravity) ਹੈ, ਜਿਸਦੀ ਵਜ੍ਹਾ ਨਾਲ ਹਰ ਚੀ ਧਰਤੀ ਵੱਲ ਖਿੱਚੀ ਜਾ ਰਹੀ ਹੈ।

ਧਰਤੀ ਦੇ ਉਦਾਲੇ–ਪੁਦਾਲੇ ਕਈਆਂ ਮੀਲਾਂ ਤਾਈਂ ਇਹ ਆਕਰਖਣ ਕਤੀ ਕੰਮ ਕਰਦੀ ਹੈ। ਉਸਤੋਂ ਉਪਰ ਅਨੰਤ ਪੁਲਾੜ ਹੈ, ਜਿਸ ਵਿੱਚ ਕੋਈ ਆਕਰਖਣ– ਕਤੀ ਨਹੀਂ ਹੈ। ਇਸ ਪੁਲਾੜ ਵਿੱਚ ਜੇ ਕੋਈ ਚੀ ਪਹੁੰਚ ਜਾਵੇ ਤਾਂ ਉਹ ਹਮੇ ਾ ਉਥੇ ਹੀ ਖੜੀ ਰਹਿੰਦੀ ਹੈ।

ਇਸ ਕਾਇਨਾਤ ਵਿੱਚ ਸਾਡੀ ਧਰਤੀ ਵਾਂਗ ਹੋਰ ਬੇਅੰਤ ਗ੍ਰਹਿ ਅਤੇ ਉਪ-ਗ੍ਰਹਿ ਜਾਂ ਸਿਤਾਰੇ ਹਨ, ਜਿਨ੍ਹਾਂ ਦੇ ਉਦਾਲੇ ਵੀ ਸਾਡੀ ਧਰਤੀ ਵਾਂਗ ਵੱਖ-ਵੱਖ ਦਰਜੇ ਦੀ ਆਕਰਖਣ- ਕਤੀ ਹੁੰਦੀ ਹੈ। ਜਦ ਕੋਈ ਚੀ ਪੁਲਾੜ ਵਿਚੋਂ ਨਿਕਲਕੇ ਕਿਸੇ ਹੋਰ ਗ੍ਰਹਿ ਦੇ ਵਾਯੂਮੰਡਲ ਵਿੱਚ ਦਾਖਲ ਹੋ ਜਾਂਦੀ ਹੈ ਤਾਂ ਉਸ ਗ੍ਰਹਿ ਦੀ ਆਪਣੀ ਆਕਰਖਣ- ਕਤੀ ਉਸ ਆਪਣੇ ਵੱਲ ਖਿੱਚ ਲੈਂਦੀ ਹੈ।

ਮਿਸਾਲ ਤੇ ਤੌਰ ਤੇ ਚੁ ਵਿਗਿਆਨੀਆਂ ਨੇ ਖੋਜ ਕੀਤੀ ਹੈ ਕਿ ਚੰਦ੍ਰ-ਗ੍ਰਹਿ ਵਿੱਚ ਵੀ ਉਸਦੀ ਆਪਣੀ ਆਕਰਖਣਚੁ ਕਤੀ ਹੈ, ਤੇ ਜੋ ਚੀ ਵੀ ਚੰਦ੍ਰਮਾ ਦੇ ਵਾਯੂ-ਮੰਡਲ ਵਿੱਚ ਦਾਖਲ ਹੋ ਜਾਵੇ, ਉਹ ਉਸ ਖਿੱਚ- ਕਤੀ ਨਾਲ ਚੰਦ੍ਰਮਾ ਦੇ ਕੇਂਦਰ (centre) ਵੱਲ ਖਿੱਚੀ ਜਾਂਦੀ ਹੈ।

ਐਨ ਇਸੇ ਤਰ੍ਹਾਂ ਸਾਡਾ ਮਨ ਵੀ ਸਹਿਜ-ਸੁਭਾਇ **ਮਾਇਕੀ- ਕਤੀ ਾਲੀ ਆਕਰਖਣ- ਕਤੀ ਨਾਲ ਮਾਇਆ ਵੱਲ ਖਿੱਚਿਆ ਜਾ ਰਿਹਾ ਹੈ** ਚੁ ਜਿਸ ਕਾਰਣ ਅਸੀਂ ਅਣਜਾਣੇ ਹੀ ਸਾਰੀ ਉਮਰ ਇਸ ਮਾਇਕੀ-ਮੰਡਲ ਵਿੱਚ ਪਲਚ ਪਲਚ ਕੇ ਗੋਤੇ ਖਾਂਦੇ ਰਹਿੰਦੇ ਹਾਂ।

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥ (ਪੰਨਾ-133)

ਮੰਦਾ ਚਿਤਵਤ ਚਿਤਵਤ ਪਚਿਆ
ਜਿਨਿ ਰਚਿਆ ਤਿਨਿ ਦੀਨਾ ਧਾਕੁ॥ (ਪੰਨਾ-825)

ਮਾਇਕੀ-ਮੰਡਲ ਦੀ ਆਕਰਖਣ- ਕਤੀ ਜਾਂ ਖਿੱਚ ਨੂੰ ਬੁੱਝਣ-ਸੀਝਣ ਅਤੇ ਇਸ ਵਿਚੋਂ ਨਿਕਲਣ ਲਈ ਅਨੁਭਵੀ-ਗਿਆਨ ਦੇ ਦੈਵੀ ਚਾਨਣ ਦੀ ਲੋੜ ਹੈ। **ਸਾਧ-ਸੰਗਤ ਅਥਵਾ ਸਤਿ-ਸੰਗਤ ਦੇ ਆਸਰੇ ਹੀ ਅਸੀਂ ਇਸ ਦਾਇਰੇ ਵਿਚੋਂ ਨਿਕਲ ਸਕਦੇ ਹਾਂ।** ਜਦ ਵੀ ਸਾਡਾ ਮਨ ਸਾਧ-ਸੰਗਤ ਤੋਂ ਬਾਹਰ ਹੁੰਦਾ ਹੈ, ਮਾਇਕੀ ਆਕਰਖਣ- ਕਤੀ ਸਾਡੇ ਮਨ ਉਤੇ ਹਾਵੀ ਹੋ ਜਾਂਦੀ ਹੈ ਤੇ ਅਸੀਂ ਫਿਰ ਮਾਇਕੀ ਅਗਨ-ਸੋਕ-ਸਾਗਰ ਵਿੱਚ ਗੋਤੇ ਖਾਣ ਲੱਗ ਪੈਂਦੇ ਹਾਂ।

ਮਹਾ ਅਭਾਗ ਅਭਾਗ ਹੈ ਜਿਨ ਕੇ ਤਿਨ ਸਾਧੂ ਧੂਰਿ ਨ ਪੀਜੈ॥
ਤਿਨਾ ਤਿਸਨਾ ਜਲਤ ਜਲਤ ਨਹੀਂ ਬੂਝਹਿ
ਡੰਡੁ ਧਰਮ ਰਾਇ ਕਾ ਦੀਜੈ॥ (ਪੰਨਾ-1325)

ਇਸ ਲਈ ਜਗਿਆਸੂਆਂ ਨੂੰ ਇਹ ਕਹਿੰਦਿਆਂ ਸੁਣਿਆ ਹੈ ਕਿ ਜਦ ਤਾਂਈ ਸਾਧ-ਸੰਗਤ ਦੇ ਵਾਤਾਵਰਣ ਵਿੱਚ ਰਹੀਦਾ ਹੈ, ਉਨਾ ਚਿਰ ਮਨ ਇਕਾਗਰ ਹੋਇਆ ਰਹਿੰਦਾ ਹੈ ਅਤੇ ਧਿਆਨ ਨਾਮ-ਬਾਣੀ-ਸਿਮਰਨ ਵਿੱਚ ਲੱਗਾ ਰਹਿੰਦਾ ਹੈ। ਪਰ ਜਿਉਂ ਹੀ ਸਾਧ-ਸੰਗਤ ਤੋਂ ਪਰ੍ਹੇ ਹੋਈਦਾ ਹੈ, ਫੌਰਨ ਅਣਜਾਣੇ, ਸਹਿਜ ਸੁਭਾਇ ਮਨ ਮਾਇਆ ਵੱਲ **ਖਿੱਚਿਆ ਜਾਂਦਾ** ਹੈ ਅਤੇ ਅਸੀਂ ਨਾਮ-ਬਾਣੀ-ਸਿਮਰਨ ਦੇ ਦੈਵੀ ਭਾਵਾਂ ਤੋਂ ਵਾਂਝੇ ਹੋ ਜਾਂਦੇ ਹਾਂ।

**ਦੂਜੇ ਲੰ ਾਂ ਵਿੱਚ ਸਾਧ-ਸੰਗਤ ਦੀ ਪ੍ਰੇਰਣਾ ਦੁਆਰਾ ਸਾਡੇ ਧਿਆਨ ਦੀ ਸੁਰਤੀ ਆਤਮਿਕ-ਮੰਡਲ ਦੇ ਦੈਵੀ ਪ੍ਰੇਮ-ਸਵੈਪਨਾ ਦੇ ਆਕਾ ਾਂ ਵਿੱਚ ਉਡਾਰੀਆਂ ਲਾ ਸਕਦੀ ਹੈ।**

ਇਸਤੋਂ ਉਲਟ ਸਾਧ-ਸੰਗਤ ਦੇ ਆਤਮਿਕ-ਵਾਤਾਵਰਣ (aura) ਵਿਚੋਂ **ਨਿਕਲਦਿਆਂ ਹੀ ਸਾਡੇ ਅੰਤਿ ਕਰਨ ਦੇ ਨੀਵੇਂ ਸੁਭਾਉ ਅਤੇ ਮਲੀਨ ਰੁਚੀਆਂ ਅਨੁਸਾਰ ਸਾਡਾ ਧਿਆਨ ਮੁੜ ਮਾਇਕੀ-ਮੰਡਲ ਵੱਲ ਖਿੱਚਿਆ ਜਾਂਦਾ ਹੈ।**

ਇਸ ਲਈ ਮਨ ਦੇ ਧਿਆਨ ਨੂੰ ਸਤਿ-ਸੰਗਤ ਅਥਵਾ ਸਾਧ-ਸੰਗਤ ਵਿੱਚ **ਨਾਮ-ਬਾਣੀ ਸਿਮਰਨ ਵੱਲ ਮੋੜਨ** ਲਈ ਗੁਰਬਾਣੀ ਵਿੱਚ ੋਰਦਾਰ ਪ੍ਰੇਰਣਾ ਕੀਤੀ ਗਈ ਹੈ।

ਸਤਿਸੰਗਤਿ ਲਗਿ ਹਰਿ ਧਿਆਈਐ
ਹਰਿ ਹਰਿ ਚਲੈ ਤੇਰੈ ਨਾਲਿ॥ (ਪੰਨਾ-234)

ਸਾਧਸੰਗਿ ਹਰਿ ਕੈ ਰੰਗਿ ਗੋਬਿੰਦ ਸਿਮਰਣ ਲਾਗਿਆ॥ (ਪੰਨਾ-457)

ਸਤਸੰਗਤਿ ਗੁਰ ਕੀ ਹਰਿ ਪਿਆਰੀ
ਜਿਨ ਹਰਿ ਹਰਿ ਨਾਮੁ ਮੀਠਾ ਮਨਿ ਭਾਇਆ॥ (ਪੰਨਾ-494)

ਸਾਧਸੰਗਿ ਹਰਿ ਹਰਿ ਨਾਮੁ ਚਿਤਾਰਾ॥ (ਪੰਨਾ-717)

ਮਿਲਿ ਸਾਧੂ ਹਰਿ ਨਾਮੁ ਧਿਆਈਐ॥ (ਪੰਨਾ-804)

ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ॥ (ਪੰਨਾ-817)

ਸਚੁ ਰੂਪੁ ਸਚੁ ਨਾਉ ਗੁਰ ਗਿਆਨੁ ਧਿਆਨੁ ਸਿਖਾ ਸਮਝਾਇਆ। (ਵਾ.ਭਾ.ਗੁ. 6/1)

ਸਾਧ ਸੰਗਤਿ ਕਰਿ ਸਾਧਨਾ ਇਕ ਮਨਿ ਇਕੁ ਧਿਆਈ। (ਵਾ.ਭਾ.ਗੁ. 9/5)

ਇਹ **ਮਾਇਕੀ-ਮੰਡਲ** ਅਥਵਾ **ਆਤਮਿਕ ਮੰਡਲ** ਕੋਈ ਅੱਡਰੇ ਦੇ , ਟਾਪੂ ਜਾਂ ਗ੍ਰਹਿ ਆਦਿ ਨਹੀਂ ਹਨ। ਇਹ ਤਾਂ ਮਾਨਸਿਕ ਵਲਵਲਿਆਂ ਦੇ **ਉਤਾਰ-ਚੜਾਅ** ਦੀ ਸੂਖਮ ਅਵੱਸਥਾ ਅਥਵਾ **ਖੇਲ੍ਹ** ਹੈ, ਜਿਸਨੂੰ ਕੋਈ ਵਿਰਲਾ ਗੁਰਮੁਖ ਹੀ ਜਾਣਦਾ ਜਾਂ ਪਹਿਚਾਣਦਾ ਹੈ ਚੁ

ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ॥ (ਪੰਨਾ-62)

ਗੁਰਮੁਖਿ ਖੋਟੇ ਖਰੇ ਪਛਾਣੁ॥
ਗੁਰਮੁਖਿ ਲਾਗੈ ਸਹਜਿ ਧਿਆਨੁ॥ (ਪੰਨਾ-942)

ਦਿਬ ਦਿਸਟਿ ਗੁਰ ਧਿਆਨੁ ਧਰਿ ਸਿਖ ਵਿਰਲਾ ਕੋਈ।
ਰਤਨ ਪਾਰਖੂ ਹੋਇ ਕੈ ਰਤਨਾ ਅਵਲੋਈ। (ਵਾ.ਭਾ.ਗੁ. 9/7)

**ਸਾਧ ਸੰਗਤ ਦੀ ਚੁ**

ਓਟ

ਪ੍ਰੇਰਣਾ

ਅਗਵਾਈ

ਸਹਾਇਤਾ

**ਚੁ ਲੈਕੇ ਮਨ ਦੇ ਧਿਆਨ ਜਾਂ ਸੁਰਤੀ-ਬਿਰਤੀ ਦੇ ਰੁਖ ਨੂੰ ਆਤਮਿਕ-ਮੰਡਲ ਵੱਲ ਮੋੜਨਾ ਹੀ ਜਗਿਆਸੂਆਂ ਦਾ ਦੈਵੀ ਕਰਤੱਵ ਹੈ।**

**ਚੁ ਚਲਦਾ**